COUNTERING TERRORISM

ਸੁਰੱਖਿਅਤ NSW (secureNSW)

ਸੁਰੱਖਿਅਤ NSW, NSW ਸਰਕਾਰ ਦੀ ਵੈਬਸਾਈਟ ਹੈ ਜੋ NSW ਵਿਚ ਅੱਤਵਾਦ ਨਾਲ ਮੁਕਾਬਲਾ ਕਰਨ ਸਬੰਧੀ ਜਾਣਕਾਰੀ ਪਰਦਾਨ ਕਰਦੀ ਹੈ। ਇਸਦੀ ਵੈਬਸਾਈਟ ਦੀ ਕੁਝ ਜਾਣਕਾਰੀ ਦਾ ਥੱਲੇ ਅਨੁਵਾਦ ਕੀਤਾ ਗਿਆ ਹੈ।

ਅਪਾਤਕਾਲੀ (Emergency) ਅਤੇ ਜਰੂਰੀ ਫੋਨ ਨੰਬਰ

ਇਹ ਮਹੱਤਵਪੂਰਣ ਹੈ ਕਿ ਤੁਹਾਨੂੰ ਇਸ ਚੀਜ਼ ਦਾ ਪਤਾ ਹੋਵੇ ਕਿ ਅੱਤਵਾਦ ਦਾ ਮੁਕਾਬਲਾ ਕਰਣ ਦੇ ਸਬੰਧ ਵਿਚ ਤੁਸੀ ਕਿਹੜੇ ਫੋਨ ਨੰਬਰ ਮਿਲਾ ਸਕਦੇ ਹੋ, ਅਤੇ ਤੁਹਾਨੂੰ ਕਦੋਂ ਉਹਨਾਂ ਨੰਬਰਾਂ ਤੇ ਸੰਪਰਕ ਕਰਨਾ ਚਾਹੀਦਾ ਹੈ। ਆਸਟਰੇਲਿਆ ਦੇ ਕਿਸੇ ਵੀ ਫੋਨ ਤੋਂ ਸਿਫਰ ਸਿਫਰ ਸਿਫਰ (000), ਰਾਸ਼ਟਰੀ ਸੁਰੱਖਿਆ ਹਾੱਟਲਾਈਨ ਅਤੇ ਅਪਰਾਧ ਰੋਕੂ ਦਲ (Crime Stoppers) ਤੇ ਗੱਲ ਕਰਨੀ ਮੁਫਤ ਹੈ ਅਤੇ ਉਹ ਦਿਨ ਦੇ 24 ਘੰਟੇ ਅਤੇ ਹਫਤੇ ਦੇ 7 ਦਿਨ ਕੰਮ ਕਰਦੇ ਹਨ। ਜੇ ਤੁਸੀ ਅੰਗ੍ਰੇਜ਼ੀ ਚੰਗੀ ਤਰ੍ਹਾਂ ਬੋਲਣੀ ਨਹੀ ਜਾਣਦੇ ਹੋ, ਤਾਂ ਤੁਹਾਡੇ ਨਾਲ ਗੱਲ ਕਰ ਰਿਹਾ ਅਫਸਰ ਫੋਨ ਲਾਇਨ ਤੇ ਇਕ ਦੁਭਾਸ਼ਿਏ ਨੂੰ ਸ਼ਾਮਲ ਕਰੇਗਾ।

ਪੁਲਿਸ ਸਹਾਇਤਾ ਲਾਇਨ ਜਾਂ ਸਮੁਦਾਇਕ ਸੰਪਰਕ ਯੂਨਿਟ ਨਾਲ ਗੱਲ ਕਰਨ ਦੇ ਲਈ - ਜੇ ਤੁਸੀ ਅੰਗ੍ਰੇਜ਼ੀ ਚੰਗੀ ਤਰ੍ਹਾਂ ਬੋਲਣੀ ਨਹੀ ਜਾਣਦੇ ਹੋ ਤਾਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ (Translating and Interpreting Service) (TIS) ਨੂੰ 13 14 50 ਤੇ ਸੰਪਰਕ ਕਰ ਕੇ ਕਹੋ ਕਿ ਹੇਠ ਦਿੱਤੇ ਨੰਬਰਾਂ ਵਿਚੋਂ ਕਿਤੇ ਵੀ ਸੰਪਰਕ ਕਰਨ ਅਤੇ ਤੁਹਾਡੇ ਲਈ ਅਨੁਵਾਦ ਕਰਨ।

ਅਪਾਤਕਾਲ ਨੰਬਰ

- **ਅਪਾਤਕਾਲ ਵੇਲੇ 000 (ਸਿਫਰ ਸਿਫਰ ਸਿਫਰ) ਮਿਲਾਓ**

  ਪੁਲਿਸ, ਐਮਬੂਲੈਂਸ ਜਾਂ ਫਾਇਰ ਬ੍ਰਿਗੇਡ ਦੀ ਸਹਾਇਤਾ ਦੀ ਇੱਕਦਮ ਲੋੜ ਪੈਣ ਤੇ 000 ਤੇ ਸੰਪਰਕ ਕਰੋ। ਇਹ ਨੰਬਰ ਆਸਟਰੇਲਿਆ ਵਿਚ ਕਿਸੇ ਵੀ ਫੋਨ ਤੋਂ ਮੁਫਤ ਹੈ, ਭਾਵੇਂ ਮੋਬਾਇਲ ਫੋਨ ਜਿਸਦੀ ਸੇਵਾ ਰੱਦ ਕੀਤੀ ਜਾ ਚੁੱਕੀ ਹੈ, ਜਾਂ ਪਬਲਿਕ ਫੋਨ ਤੋਂ ਵੀ।

ਮਹੱਤਵਪੂਰਣ ਨੰਬਰ

- **ਰਾਸ਼ਟਰੀ ਸੁਰੱਖਿਆ ਹਾੱਟਲਾਈਨ – 1800 1234 00**

  ਜੇਕਰ ਤੁਹਾਨੂੰ ਫਿਕਰ ਹੈ ਕਿ ਤੁਹਾਡੀ ਜਾਣ ਪਛਾਣ ਦੇ ਕਿਸੇ ਵਿਅਕਤੀ ਨੂੰ ਅੱਤਵਾਦ ਲਈ ਉਕਸਾਇਆ ਜਾ ਰਿਹਾ ਹੈ ਜਾਂ ਕਿਸੇ ਵੀ ਸ਼ੱਕੀ ਜਾਂ ਅੱਤਵਾਦ ਸਬੰਧੀ ਗਤੀਵਿਧੀ ਦੀ ਸੂਚਨਾ ਦੇਣ ਵਾਸਤੇ, ਰਾਸ਼ਟਰੀ ਸੁਰੱਖਿਆ ਹਾੱਟਲਾਈਨ ਨੂੰ ਤੁਰੰਤ 1800 1234 00 ਤੇ ਸੰਪਰਕ ਕਰੋ। ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਅਤੇ ਤੁਸੀ ਗੁਮਨਾਮ ਵੀ ਰਹਿ ਸਕਦੇ ਹੋ। ਤੁਸੀ ਹਾੱਟਲਾਈਨ ਨੂੰ hotline@nationalsecurity.gov.au ਤੇ ਈ-ਮੇਲ ਵੀ ਭੇਜ ਸਕਦੇ ਹੋ।

- **ਅਪਰਾਧ ਰੋਕੂ ਦਲ (Crime Stoppers) – 1800 333 000**

  ਅਪਰਾਧ ਰੋਕੂ ਦਲ ਨੂੰ 1800 333 000 ਤੇ ਸੰਪਰਕ ਕਰੋ ਉਹਨਾਂ ਅਪਰਾਧਾਂ ਦੀ ਜਾਣਕਾਰੀ ਦੇਣ ਲਈ ਜੋ ਅਜੇ ਵਾਪਰੇ ਨਹੀ ਹਨ ਜਾਂ ਜਿਨ੍ਹਾਂ ਨੂੰ ਕਰਣ ਵਾਲੇ ਅਪਰਾਧੀ ਬਾਰੇ ਜਾਣਕਾਰੀ ਉਪਲਬਧ ਨਹੀ ਹੈ (ਜਿਵੇਂ ਕਿ ਤੋੜ ਫੋੜ ਕਰ ਕੇ ਘੁਸਨਾ, ਮੰਦ ਭਾਵਨਾ ਨਾਲ ਨੁਕਸਾਨ ਪਹੁੰਚਾਉਣਾ, ਚੋਰੀ, ਛੋਟੇ ਕਾਰ ਹਾਦਸੇ)। ਜਾਣਕਾਰੀ ਗੁਮਨਾਮ ਰਹਿ ਕੇ ਦਿੱਤੀ ਜਾ ਸਕਦੀ ਹੈ।

ਪੁਲਿਸ, ਐਮਬੁਲੈਂਸ ਅਤੇ ਫਾਇਰ ਬ੍ਰੀਗੇਡ	ਰਾਸ਼ਟਰੀ ਸੁਰੱਖਿਆ ਹਾੱਟਲਾਈਨ	ਅਪਰਾਧ ਰੋਕੂ ਦਲ
000	**1800 1234 00**	**1800 333 000**
ਅਪਾਤਕਾਲ ਵਿਚ	ਸ਼ੱਕੀ ਗਤਿਵਿਧੀਆਂ ਬਾਰੇ ਸੂਚਨਾ ਦੇਣ ਲਈ	ਗੁਮਨਾਮ ਤੌਰ ਤੇ ਅਪਰਾਧ ਦੀ ਜਾਣਕਾਰੀ ਦੇਣ ਲਈ

- **ਪੁਲਿਸ ਕੋਲੋਂ ਆਮ ਪੁੱਛਗਿੱਛ ਵਾਸਤੇ – 131 444**

ਜੇ ਸਥਿਤੀ ਅਪਾਤਕਾਲ ਨਹੀ ਹੈ ਅਤੇ ਜੇ ਤੁਸੀ ਪੀੜਤ ਹੋ ਜਾਂ ਕੁਝ ਜਾਣਕਾਰੀ ਦੇਣਾ ਚਾਹੁੰਦੇ ਹੋ, ਜਾਂ ਪੁਲਿਸ ਤੋਂ ਆਮ ਪੁੱਛਗਿੱਛ ਕਰਨਾ ਚਾਹੁੰਦੇ ਹੋ ਤਾਂ ਪੁਲਿਸ ਸਹਾਇਤਾ ਦੇ ਨੰਬਰ 131 444 ਤੇ ਸੰਪਰਕ ਕਰੋ। ਜਦੋਂ ਤੁਹਾਡੀ ਦਿੱਤੀ ਜਾਣਕਾਰੀ ਸੇਵਾ ਅਧਿਕਾਰੀ ਵੱਲੋਂ ਪੂਰੀ ਕਰ ਲਈ ਜਾਂਦੀ ਹੈ, ਤਾਂ ਉਹ ਜਾਣਕਾਰੀ ਤੁਰੰਤ ਤੁਹਾਡੀ ਸਥਾਨਕ ਪੁਲਿਸ ਨੂੰ ਉਪਲਬਧ ਹੋ ਜਾਂਦੀ ਹੈ।

ਕੀ ਤੁਸੀ ਪੁਲਿਸ ਨਾਲ ਅੱਤਵਾਦ ਵਿਰੋਧੀ ਮਾਮਲਿਆਂ ਬਾਰੇ ਗੱਲ ਕਰਨਾ ਚਾਹੁੰਦੇ ਹੋ?

NSW ਪੁਲਿਸ ਦਲ ਦਾ ਸਮੁਦਾਇਕ ਸੰਪਰਕ ਯੂਨਿਟ (The NSW Police Force Community Contact Unit) ਇਸ ਲਈ ਤਿਆਰ ਕੀਤਾ ਗਿਆ ਹੈ ਤਾਂ ਜੋ ਅੱਤਵਾਦ ਵਿਰੁਧ ਮਾਮਲਿਆਂ ਵਿਚ ਸਮਾਜ ਦੇ ਨਾਲ ਮਿਲ ਕੇ ਕੰਮ ਕੀਤਾ ਜਾ ਸਕੇ। ਇਸ ਯੂਨਿਟ ਦੀ ਕੋਸ਼ਿਸ਼ ਹੈ ਕਿ ਪੁਲਿਸ ਦੀ ਸਮਾਜਿਕ ਚਿੰਤਾਵਾਂ ਦੀ ਸਮਝ ਨੂੰ ਬੇਹਤਰ ਕਰ ਸਕੇ, ਅਤੇ NSW ਵਿਚ ਅੱਤਵਾਦ ਵਿਰੋਧੀ ਪ੍ਰਬੰਧਾਂ ਬਾਰੇ ਲੋਕਾਂ ਦੀ ਜਾਣਕਾਰੀ ਨੂੰ ਵਧਾ ਸਕੇ।

ਜੇਕਰ ਤੁਹਾਡਾ ਸਮਾਜਿਕ ਸਮੂਹ ਇਸ ਬਾਰੇ ਸਮੁਦਾਇਕ ਸੰਪਰਕ ਯੂਨਿਟ ਨੂੰ ਮਿਲਣਾ ਜਾਂ ਗੱਲ ਬਾਤ ਕਰਨਾ ਚਾਹੁੰਦਾ ਹੈ, ਤਾਂ ਕਿਰਪਾ ਕਰ ਕੇ (02) 9919 9288 ਤੇ ਸੰਪਰਕ ਕਰੋ ਜਾਂ CTSTCCU@police.nsw.gov.au ਤੇ ਈ-ਮੇਲ ਕਰੋ।